ਰਾਮਕਲੀ ਮਹਲਾ ੫ ॥ ਪੰਚ ਸਿੰਘ ਰਾਖੇ ਪ੍ਰਭਿ ਮਾਰਿ ॥ ਦਸ ਬਿਘਿਆੜੀ ਲਈ ਨਿਵਾਰਿ ॥ ਤੀਨਿ ਆਵਰਤ ਕੀ ਚੂਕੀ ਘੇਰ ॥ ਸਾਧਸੰਗਿ ਚੂਕੇ ਭੈ ਫੇਰ ॥ ੧॥ ਸਿਮਰਿ ਸਿਮਰਿ ਜੀਵਾ ਗੋਵਿੰਦ ॥ ਕਰਿ ਕਿਰਪਾ ਰਾਖਿਓ ਦਾਸੁ ਅਪਨਾ ਸਦਾ ਸਦਾ ਸਾਚਾ ਬਖਸਿੰਦ ॥੧॥ ਰਹਾਉ ॥ ਦਾਝਿ ਗਏ ਤ੍ਰਿਣ ਪਾਪ ਸੁਮੇਰ ॥ ਜਪਿ ਜਪਿ ਨਾਮੁ ਪੂਜੇ ਪ੍ਰਭ ਪੈਰ ॥ ਅਨਦ ਰੂਪ ਪ੍ਰਗਟਿਓ ਸਭ ਥਾਨਿ ॥ ਪ੍ਰੇਮ ਭਗਤਿ ਜੋਰੀ ਸੁਖ ਮਾਨਿ ॥੨॥ ਸਾਗਰੁ ਤਰਿਓ ਬਾਛਰ ਖੋਜ ॥ ਖੇਦੁ ਨ ਪਾਇਓ ਨਹ ਫੁਨਿ ਰੋਜ ॥ ਸਿੰਧੁ ਸਮਾਇਓ ਘਟੁਕੇ ਮਾਹਿ ॥ ਕਰਣਹਾਰ ਕਉ ਕਿਛੁ ਅਚਰਜੁ ਨਾਹਿ ॥੩॥ ਜਉ ਛੂਟਉ ਤਉ ਜਾਇ ਪਇਆਲ ॥ ਜਉ ਕਾਢਿਓ ਤਉ ਨਦਰਿ ਨਿਹਾਲ ॥ ਪਾਪ ਪੁੰਨ ਹਮਰੈ ਵਸਿ ਨਾਹਿ ॥ ਰਸਕਿ ਰਸਕਿ ਨਾਨਕ ਗੁਣ ਗਾਹਿ ॥੪॥੪੦॥੫੧॥ {ਪੰਨਾ 899}

ਪਦਅਰਥ:- ਪੰਚ ਸਿੰਘ—ਪੰਜ (ਕਾਮਾਦਿਕ) ਸ਼ੇਰ। ਪ੍ਰਭਿ—ਪ੍ਰਭੂ ਨੇ। ਮਾਰਿ ਰਾਖੇ—ਮਾਰ ਮੁਕਾਏ। ਬਿਘਿਆੜੀ—ਇੰਦ੍ਰੀਆਂ। ਨਿਵਾਰਿ ਲਈ—ਦੂਰ ਕਰ ਦਿੱਤੀ। ਤੀਨਿ—ਮਾਇਆ ਦੇ ਤਿੰਨ ਗੁਣ। ਆਵਰਤ—ਘੁੰਮਣ-ਘੇਰੀ। ਚੂਕੀ—ਮੁੱਕ ਗਈ। ਘੇਰ—ਭਵਾਂਟੀ। ਸਾਧ ਸੰਗਿ—ਗੁਰੂ ਦੀ ਸੰਗਤਿ ਵਿਚ। ਭੈ—{ਲਫ਼ਜ਼ 'ਭਉ' ਤੋਂ ਬਹੁ-ਵਚਨ} ਸਾਰੇ ਡਰ। ਫੇਰ—(ਜਨਮ ਮਰਨ ਦੇ) ਗੇੜ।1।

ਜੀਵਾ—ਜੀਵਾਂ, ਮੈਂ ਜੀਊਂਦਾ ਹਾਂ, ਮੈਂ ਆਤਮਕ ਜੀਵਨ ਹਾਸਲ ਕਰਦਾ ਹਾਂ। ਕਰਿ—ਕਰ ਕੇ। ਸਾਚਾ—ਸਦਾ ਕਾਇਮ ਰਹਿਣ ਵਾਲਾ। ਬਖਸਿੰਦ—ਬਖ਼ਸ਼ਸ਼ ਕਰਨ ਵਾਲਾ, ਬਖ਼ਸ਼ਿੰਦ।1। ਰਹਾਉ।

ਦਾਝਿ ਗਏ—ਸੜ ਗਏ। ਤ੍ਰਿਣ—ਘਾਹ ਦੇ ਤੀਲੇ। ਪਾਪ ਸੁਮੇਰ—ਸੁਮੇਰ ਪਰਬਤ ਜੇਡੇ ਵੱਡੇ ਪਾਪ। ਪ੍ਰਭ ਪੈਰ—ਪ੍ਰਭ ਦੇ ਪੈਰ। ਅਨਦ ਰੂਪ—ਆਨੰਦ-ਸਰੂਪ ਪ੍ਰਭੂ। ਸਭ ਥਾਨਿ—ਹਰੇਕ ਥਾਂ ਵਿਚ (ਵੱਸਦਾ)। ਸੁਖ ਮਾਨਿ—ਸੁਖ ਮਾਣਿ। ਪ੍ਰੇਮ ਭਗਤਿ ਸੁਖ ਮਾਨਿ—ਸੁਖਾਂ ਦੀ ਮਣੀ ਪ੍ਰੇਮਾ ਭਗਤੀ ਵਿਚ। ਜੋਰਿ—(ਸੁਰਤਿ) ਜੋੜੀ।2।

ਸਾਗਰੁ—{ਸੰਸਾਰ-) ਸਮੁੰਦਰ। ਬਾਛਰ—ਵੱਛਾ। ਖੋਜ—ਖੁਰ ਦਾ ਨਿਸ਼ਾਨ। ਖੇਦੁ—ਦੁੱਖ। ਫੁਨਿ—ਮੁੜ। ਰੋਜ—ਰੁਜ਼ਤਾਪ, ਗ਼ਮ। ਸਿੰਧੁ—ਸਮੁੰਦਰ। ਘਟੁਕਾ—ਨਿੱਕਾ ਜਿਹਾ ਘੜਾ। ਘਟੁਕੇ ਮਾਹਿ—ਨਿੱਕੇ ਜਿਹੇ ਘੜੇ ਵਿਚ {ਨੋਟ:- 'ਘਟੁ ਕੇ ਮਾਹਿ' ਪਦ-ਛੇਦ ਗ਼ਲਤ ਹੈ। ਜੇ ਇਹ ਹੁੰਦਾ, ਤਾਂ ਸੰਬੰਧਕ 'ਕੇ' ਦੇ ਕਾਰਨ ਲਫ਼ਜ਼ 'ਘਟੁ' ਦਾ ੁ ਉੱਡ ਜਾਂਦਾ}। ਅਚਰਜੁ—ਅਨੋਖੀ ਗੱਲ।3।

ਜਉ—ਜਦੋਂ। ਛੂਟਉ—ਪੱਲਾ ਛੁੱਟ ਜਾਂਦਾ ਹੈ। ਤਉ—ਤਦੋਂ। ਜਾਇ—(ਜੀਵ) ਜਾ ਪੈਂਦਾ ਹੈ। ਪਇਆਲ—ਪਾਤਾਲ (ਵਿਚ)। ਕਾਢਿਓ—(ਪਾਤਾਲ ਵਿਚੋਂ) ਕੱਢ ਲਿਆ। ਨਿਹਾਲ—ਪ੍ਰਸੰਨ, ਪੂਰਨ ਤੌਰ ਤੇ ਖ਼ੁਸ਼। ਹਮਰੈ ਵਸਿ—ਸਾਡੇ ਵੱਸ ਵਿਚ। ਰਸਕਿ—ਰਸ ਨਾਲ, ਰਸ ਲੈ ਲੈ ਕੇ। ਗਾਹਿ—{ਬਹੁ-ਵਚਨ} ਗਾਂਦੇ ਹਨ (ਜੀਵ)।4।

ਅਰਥ:- ਹੇ ਭਾਈ! ਮੈਂ ਪਰਮਾਤਮਾ (ਦਾ ਨਾਮ) ਮੁੜ ਮੁੜ ਸਿਮਰ ਕੇ ਆਤਮਕ ਜੀਵਨ ਹਾਸਲ ਕਰਦਾ ਹਾਂ। ਮੈਨੂੰ ਦਾਸ ਨੂੰ ਪਰਮਾਤਮਾ ਨੇ ਕਿਰਪਾ ਕਰ ਕੇ (ਆਪ ਹੀ ਕਾਮਾਦਿਕ ਵਿਕਾਰੋਂ ਤੋਂ) ਬਚਾ ਰੱਖਿਆ ਹੈ। ਸਦਾ ਕਾਇਮ ਰਹਿਣ ਵਾਲਾ ਮਾਲਕ ਸਦਾ ਹੀ ਬਖ਼ਸ਼ਸ਼ਾਂ ਕਰਨ ਵਾਲਾ ਹੈ।1। ਰਹਾਉ।

(ਹੇ ਭਾਈ! ਜਿਉਂ ਜਿਉਂ ਮੈਂ ਪ੍ਰਭੂ ਨੂੰ ਸਿਮਰਿਆ ਹੈ) ਪ੍ਰਭੂ ਨੇ (ਮੇਰੇ ਅੰਦਰੋਂ) ਪੰਜ ਕਾਮਾਦਿਕ ਸ਼ੇਰ ਮਾਰ ਮੁਕਾਏ ਹਨ, ਦਸ ਇੰਦ੍ਰੀਆਂ ਦਾ ਦਬਾਉ ਭੀ ਮੇਰੇ ਉਤੋਂ ਦੂਰ ਕਰ ਦਿੱਤਾ ਹੈ। ਮਾਇਆ ਦੇ ਤਿੰਨ ਗੁਣਾਂ ਦੀ ਘੁੰਮਣ-ਘੇਰੀ ਦਾ ਚੱਕਰ (ਭੀ) ਮੁੱਕ ਗਿਆ ਹੈ। ਗੁਰੂ ਦੀ ਸੰਗਤਿ ਵਿਚ (ਰਹਿਣ ਕਰਕੇ) ਜਨਮ ਮਰਨ ਗੇੜ ਦੇ ਸਾਰੇ ਡਰ ਭੀ ਖ਼ਤਮ ਹੋ ਗਏ ਹਨ।1।

ਹੇ ਭਾਈ! ਜਦੋਂ ਕੋਈ ਜੀਵ ਪਰਮਾਤਮਾ ਦਾ ਨਾਮ ਜਪ ਜਪ ਕੇ ਉਸ ਦੇ ਚਰਨ ਪੂਜਣੇ ਸ਼ੁਰੂ ਕਰਦਾ ਹੈ, ਤਾਂ ਉਸ ਦੇ

ਸੁਮੇਰ ਪਰਬਤ ਜੇਡੇ ਹੋ ਚੁਕੇ ਪਾਪ ਘਾਹ ਦੇ ਤੀਲਿਆਂ ਵਾਂਗ ਸੜ ਜਾਂਦੇ ਹਨ। ਜਦੋਂ ਕਿਸੇ ਨੇ ਸੁਖਾਂ ਦੀ ਮਣੀ ਪ੍ਰਭੂ ਦੀ ਪ੍ਰੇਮ ਭਗਤੀ ਵਿਚ ਆਪਣੀ ਸੁਰਤਿ ਜੋੜੀ, ਤਾਂ ਉਸ ਨੂੰ ਆਨੰਦ-ਸਰੂਪ ਪ੍ਰਭੂ ਹਰੇਕ ਥਾਂ ਵਿਚ ਵੱਸਦਾ ਦਿੱਸ ਪਿਆ।2।

(ਹੇ ਭਾਈ! ਜਿਸ ਨੇ ਭੀ ਨਾਮ ਜਪਿਆ ਉਸ ਨੇ) ਸੰਸਾਰ-ਸਮੁੰਦਰ ਇਉਂ ਤਰ ਲਿਆ ਜਿਵੇਂ (ਪਾਣੀ ਨਾਲ ਭਰਿਆ ਹੋਇਆ) ਵੱਛੇ ਦੇ ਖੁਰ ਦਾ ਨਿਸ਼ਾਨ ਹੈ; ਨਾਹ ਉਸ ਨੂੰ ਕੋਈ ਦੁੱਖ ਪੁੰਹਦਾ ਹੈ ਨਾਹ ਕੋਈ ਚਿੰਤਾ-ਫ਼ਿਕਰ। ਪ੍ਰਭੂ ਉਸ ਦੇ ਅੰਦਰ ਇਉਂ ਆ ਟਿਕਦਾ ਹੈ ਜਿਵੇਂ ਸਮੁੰਦਰ (ਮਾਨੋ) ਇਕ ਨਿੱਕੇ ਜਿਹੇ ਘੜੇ ਵਿਚ ਆ ਟਿਕੇ। ਹੇ ਭਾਈ! ਸਿਰਜਨਹਾਰ ਪ੍ਰਭੂ ਵਾਸਤੇ ਇਹ ਕੋਈ ਅਨੋਖੀ ਗੱਲ ਨਹੀਂ ਹੈ।3।

(ਹੇ ਭਾਈ!) ਜਦੋਂ (ਕਿਸੇ ਜੀਵ ਦੇ ਹੱਥੋਂ ਪ੍ਰਭੂ ਦਾ ਪੱਲਾ) ਛੁੱਟ ਜਾਂਦਾ ਹੈ, ਤਦੋਂ ਉਹ (ਮਾਨੋ) ਪਾਤਾਲ ਵਿਚ ਜਾ ਪੈਂਦਾ ਹੈ। ਜਦੋਂ ਪ੍ਰਭੂ ਆਪ ਉਸ ਨੂੰ ਪਾਤਾਲ ਵਿਚੋਂ ਕੱਢ ਲੈਂਦਾ ਹੈ ਤਦੋਂ ਉਸ ਦੀ ਮਿਹਰ ਦੀ ਨਿਗਾਹ ਨਾਲ ਉਹ ਤਨੋਂ ਮਨੋਂ ਖਿੜ ਜਾਂਦਾ ਹੈ। ਹੇ ਨਾਨਕ! (ਆਖ—ਹੇ ਭਾਈ!) ਚੰਗੇ ਮਾੜੇ ਕੰਮ ਕਰਨੇ ਅਸਾਂ ਜੀਵਾਂ ਦੇ ਵੱਸ ਵਿਚ ਨਹੀਂ ਹਨ, (ਜਿਨ੍ਹਾਂ ਉਤੇ ਉਹ ਮਿਹਰ ਕਰਦਾ ਹੈ, ਉਹ ਬੰਦੇ) ਬੜੇ ਪ੍ਰੇਮ ਨਾਲ ਉਸ ਦੇ ਗੁਣ ਗਾਂਦੇ ਹਨ।4। 40। 51।